Phone No. 01881-221157 Fax No. 01881-221165
Email: madcropar@gmail.com

# ਦਫਤਰ ਜਿਲ੍ਹਾ ਮੈਜਿਸਟਰੇਟ, ਰੂਪਨਗਰ।

(ਫੁਟਕਲ ਸ਼ਾਖਾ)

## ਹੁਕਮ:

ਦੀਵਾਲੀ,ਗੁਰਪੁਰਬ,ਕ੍ਰਿਸਮਿਸ ਦੇ ਤਿਉਹਾਰ ਅਤੇ ਨਵੇਂ ਸਾਲ ਨੂੰ ਧੂਮਧਾਮ ਨਾਲ ਮਨਾਉਣ ਲਈ ਆਮ ਤੌਰ ਤੇ ਪਬਲਿਕ ਵੱਲੋਂ ਪਟਾਖੇ,ਆਤਿਸ਼ਬਾਜੀ ਜਿਸ ਵਿਚ ਬੰਬ,ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰ ਸ਼ਾਮਲ ਹੁੰਦੇ ਹਨ, ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਪਟਾਖੇ ਬਹੁਤ ਖਤਰਨਾਕ ਹੁੰਦੇ ਹਨ, ਅਜਿਹੇ ਪਟਾਖਿਆਂ ਨਾਲ ਸ਼ੋਰ ਸ਼ਰਾਬਾ ਪੈਦਾ ਹੁੰਦਾ ਹੈ ਅਤੇ ਪ੍ਰਦੂਸ਼ਣ ਵੀ ਫੈਲਦਾ ਹੈ। ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਮਿਤੀ 04-11-2021 ਨੂੰ ਦੀਵਾਲੀ ਵਾਲੀ ਰਾਤ ਪਟਾਖੇ ਚਲਾਉਣ ਦਾ ਸਮਾਂ ਰਾਤ 8:00 ਵਜੇ ਤੋਂ ਰਾਤ 10:00 ਵਜੇ ਤੱਕ, ਗੁਰਪੁਰਬ ਦੇ ਮੌਕੇ ਤੇ ਸਵੇਰੇ 04:00 ਵਜੇ ਤੋਂ ਸਵੇਰੇ 05:00 ਵਜੇ (ਇਕ ਘੰਟਾ) ਰਾਤ 09:00 ਵਜੇ ਤੋਂ ਰਾਤ 10:00 ਵਜੇ ਤੱਕ (ਇਕ ਘੰਟਾ) ਅਤੇ ਕ੍ਰਿਸਮਿਸ/ਨਵਾ ਸਾਲ ਮੌਕੇ ਰਾਤ (Midnight) 11:55 ਤੋਂ 12:30 ਵਜੇ ਤੱਕ ਦਾ ਨਿਰਧਾਰਤ ਕੀਤਾ ਗਿਆ ਹੈ।ਇਨ੍ਹਾਂ ਖਤਰਨਾਕ ਬੰਬ,ਹਵਾਈ ਪਟਾਖਿਆਂ ਵਿੱਚ ਕੈਮੀਕਲ ਪੋਟਾਸ਼ੀਅਮ ਕਲੋਰੇਟ ਹੁੰਦਾ ਹੈ ਜੋ ਕਿ ਬਹੁਤ ਹੀ ਖਤਰਨਾਕ ਹੁੰਦਾ ਹੈ। ਇਸ ਨਾਲ ਬਹੁਤ ਵੱਡਾ ਧਮਾਕਾ ਹੋਣ ਦੀ ਸੰਭਾਵਨਾਂ ਬਣੀ ਰਹਿੰਦੀ ਹੈ ਅਤੇ ਜਾਨੀ ਮਾਲੀ ਨੁਕਸਾਨ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਹ ਵਾਤਾਵਰਣ ਅਤੇ ਸਹਿਤ ਲਈ ਵੀ ਹਾਨੀਕਾਰਕ ਹੈ।ਇਸ ਲਈ ਉਕਤ ਤਿਉਹਾਰਾਂ ਵਿਚ ਗੈਰ ਕਾਨੂੰਨੀ ਧਮਾਕਾਖੇਜ਼ ਸਮੱਗਰੀ ਬਨਾਉਣ,ਸਟੋਰ ਕਰਨ,ਵਿਕਰੀ ਕਰਨ ਅਤੇ ਵਰਤੋਂ ਕਰਨ ਨੂੰ ਰੋਕਣ ਲਈ ਲੋੜੀਂਦੇ ਉਪਰਾਲੇ ਕੀਤੇ ਜਾਣੇ ਜਰੂਰੀ ਹਨ।

ਇਸ ਲਈ ਮੈਂ ਸੋਨਾਲੀ ਗਿਰਿ, ਆਈ.ਏ.ਐਸ. ਜਿਲ੍ਹਾ ਮੈਜਿਸਟਰੇਟ, ਰੂਪਨਗਰ ਫੋਜ਼ਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੀ ਹੋਈ ਇਸ ਹੁਕਮ ਦੁਆਰਾ ਜਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਮਿਤੀ 04-11-2021 ਨੂੰ ਦੀਵਾਲੀ ਵਾਲੇ ਦਿਨ ਪਟਾਖੇ ਚਲਾਉਣ ਦਾ ਸਮਾ ਰਾਤ 08:00 ਵਜੇ ਤੋਂ ਰਾਤ 10:00 ਵਜੇ ਤੱਕ, ਗੁਰਪੁਰਬ ਦੇ ਮੌਕੇ ਤੇ ਸਵੇਰੇ 04:00 ਵਜੇ ਤੋਂ ਸਵੇਰੇ 05:00 ਵਜੇ (ਇਕ ਘੰਟਾ) ਰਾਤ 09:00 ਵਜੇ ਤੋਂ ਰਾਤ 10:00 ਵਜੇ ਤੱਕ(ਇੱਕ ਘੰਟਾ) ਅਤੇ ਕ੍ਰਿਸਮਿਸ/ਨਵਾ ਸਾਲ ਮੌਕੇ ਰਾਤ (Midnight) 11:55 ਤੋਂ 12:30 ਵਜੇ ਤੱਕ ਦਾ ਨਿਰਧਾਰਤ ਕਰਦੀ ਹਾਂ ਅਤੇ ਜਿਲਾ ਰੂਪਨਗਰ ਦੇ ਆਮ ਬਜਾਰਾਂ ਵਿਚ ਕਿਸੇ ਕਿਸਮ ਦੀ ਉੱਚੀ ਆਵਾਜ ਵਾਲੇ ਪਟਾਖੇ, ਆਤਿਸ਼ਬਾਜੀ ਆਦਿ (ਅਣ-ਅਧਿਕਾਰਤ ਤੌਰ ਤੇ) ਬਨਾਉਣ, ਸਟੋਰ ਕਰਨ, ਚਾਈਨੀਜ਼ ਕਰੈਕਰ ਖਰੀਦਣ ਅਤੇ ਵੇਚਣ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਂਦੀ ਹਾਂ

**ਇਸ ਤੋਂ ਇਲਾਵਾ ਛੋਟੇ ਪਟਾਖਿਆਂ ਦੀ ਵੇਚ/ਖਰੀਦ ਲਈ ਜਿਲਾ ਰੂਪਨਗਰ ਅੰਦਰ ਹੇਠ ਲਿਖੀਆਂ ਥਾਵਾਂ ਨਿਰਧਾਰਤ ਕਰਦੀ ਹਾਂ:-**

| ਲੜੀ ਨੰ: | ਸ਼ਹਿਰ/ਕਸਬੇ ਦਾ ਨਾਮ | ਨਿਰਧਾਰਤ ਕੀਤੀਆਂ ਥਾਵਾਂ |
|---|---|---|
| 1 | ਰੂਪਨਗਰ | ਰਾਮ ਲੀਲਾ ਗਰਾਉਂਡ,ਨੇੜੇ ਲਹਿਰੀ ਸ਼ਾਹ ਮੰਦਰ, ਰੂਪਨਗਰ |
| 2. | ਸ੍ਰੀ ਚਮਕੌਰ ਸਾਹਿਬ | ਮੋਰਿੰਡਾ-ਬੇਲਾ ਰੋਡ ਤੇ ਬਾਬਾ ਅਜੀਤ ਸਿੰਘ,ਜੁਝਾਰ ਸਿੰਘ ਖੇਡ ਸਟੇਡੀਅਮ, ਸ੍ਰੀ ਚਮਕੌਰ ਸਾਹਿਬ |
| 3. | ਮੋਰਿੰਡਾ | ਰਾਮ ਲੀਲਾ ਗਰਾਉਂਡ ਨੇੜੇ ਬੱਸ ਸਟੈਂਡ, ਮੋਰਿੰਡਾ |
| 4. | ਸ੍ਰੀ ਅੰਨਦਪੁਰ ਸਾਹਿਬ | 1.ਨੂਰਪੁਰਬੇਦੀ (ਨੇੜੇ ਡਾਕਖਾਨਾ/ਰੂਪਨਗਰ ਰੋਡ)<br>2.ਪਾਰਕਿੰਗ ਪਲੇਸ ਨੇੜੇ ਚਰਨ ਗੰਗਾ ਸਟੇਡੀਅਮ, ਸ੍ਰੀ ਅਨੰਦਪੁਰ ਸਾਹਿਬ।<br>3 .ਸਾਹਮਣੇ ਕੀਰਤਪੁਰ ਸਾਹਿਬ ਦੇ ਬਾਹਰਲੇ ਪਾਸੇ ਨੇੜੇ ਸ਼ੀਤਲਾ ਮਾਤਾ ਮੰਦਿਰ,ਕੀਰਤਪੁਰ ਸਾਹਿਬ |
| 5. | ਨੰਗਲ | 1.ਮਾਰਕੀਟ ਸੈਕਟਰ-2 ਨਿਆ ਨੰਗਲ।<br>2.ਨੇੜੇ ਬੀ.ਐਸ.ਐਨ.ਐਲ ਐਕਸਚੇਂਜ, ਨੰਗਲ<br>3.ਨੇੜੇ ਮਾਰਕੀਟ ਸਾਹਮਣੇ ਗੁਰਦੁਆਰਾ ਸਿੰਘ ਸਭਾ ਨੰਗਲ<br>4.ਨੇੜੇ ਟੈਂਕੀ ਡੀ.ਐਸ.ਬਲਾਕ |

ਮਾਮਲੇ ਦੀ ਤੱਤਪਰਤਾ ਨੂੰ ਵੇਖਦੇ ਹੋਏ ਇਹ ਹੁਕਮ ਇੱਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਅਤੇ ਸਾਰੇ ਸਬੰਧਤਾਂ ਨੂੰ ਸੰਬੋਧਨ ਕੀਤਾ ਜਾਂਦਾ ਹੈ।

<u>ਇਹ ਹੁਕਮ ਮਿਤੀ 31-12-2021 ਤੱਕ ਲਾਗੂ ਰਹੇਗਾ।</u>

ਇਹ ਹੁਕਮ ਦਾ ਪ੍ਰਚਾਰ ਜਿਲਾ ਲੋਕ ਸੰਪਰਕ ਅਫਸਰ,ਰੂਪਨਗਰ ਦੀ ਪ੍ਰਚਾਰ ਵੈਨ, ਲੋਕਲ ਕੇਬਲ,ਟੀ.ਵੀ.ਰਾਹੀਂ ਅਤੇ ਢੋਲ ਵਜਾ ਕੇ ਕੀਤਾ ਜਾਵੇ। ਇਸ ਤੋਂ ਇਲਾਵਾ ਇਸ ਹੁਕਮ ਦੀਆਂ ਕਾਪੀਆਂ ਦਫਤਰ ਡੀ.ਐਮ/ਏ.ਡੀ.ਐਮ/ਐਸ.ਡੀ.ਐਮਜ/ਤਹਿਸੀਲਦਾਰਾਂ/ਨਗਰ ਪਾਲਕਾਂ/ਨਗਰ ਪੰਚਾਇਤਾਂ/ਬੀ.ਡੀ.ਪੀ.ਓਜ਼ ਦਫਤਰਾਂ ਅਤੇ ਪੁਲਿਸ ਸਟੇਸ਼ਨਾਂ ਆਦਿ ਦੇ ਨੋਟਿਸ ਬੋਰਡਾਂ ਤੇ ਵੀ ਆਮ ਲੋਕਾਂ ਦੀ ਜਾਣਕਾਰੀ ਲਈ ਚਸਪਾ ਕੀਤੀਆਂ ਜਾਣ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਅਧੀਨ ਅੱਜ ਮਿਤੀ 21/10/2021 ਨੂੰ ਜਾਰੀ ਕੀਤਾ ਗਿਆ।

ਜਿਲ੍ਹਾ ਮੈਜਿਸਟਰੇਟ,
ਰੂਪਨਗਰ।

ਪਿੱਠ ਅੰਕਣ ਨੰ.31474-84 ਮਿਤੀ 21/10/2021

ਇਸ ਦਾ ਇਕ ਉਤਾਰਾ

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਗ੍ਰਹਿ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
3. ਕਮਿਸ਼ਨਰ,ਰੂਪਨਗਰ ਮੰਡਲ , ਰੂਪਨਗਰ।
4. ਡੀ.ਆਈ.ਜੀ. ,ਰੂਪਨਗਰ ਰੇਜ,ਰੂਪਨਗਰ।
5. ਡੀ.ਆਈ ਜੀ, ਸੀ.ਆਈ.ਡੀ. ,ਪੰਜਾਬ,ਚੰਡੀਗੜ੍ਹ।
6. ਸਮੂਹ ਜਿਲ੍ਹਾ ਮੈਜਿਸਟਰੇਟ, ਅਜੀਤਗੜ੍ਹ (ਮੋਹਾਲੀ), ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ, ਬਰਨਾਲਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜਪੁਰ, ਮਾਨਸਾ, ਮੋਗਾ, ਹੁਸ਼ਿਆਰਪੁਰ, ਸਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ), ਫਾਜਿਲਕਾ, ਪਾਠਨਕੋਟ।
7. ਡਾਇਰੈਕਟਰ,ਆਲ ਇੰਡੀਆ ਰੇਡੀਓ,ਜਲੰਧਰ।
8. ਸੀਨੀਅਰ ਪੁਲਿਸ ਕਪਤਾਨ,ਰੂਪਨਗਰ
9. ਜਿਲਾ ਤੇ ਸੈਸ਼ਨ ਜੱਜ ,ਰੂਪਨਗਰ।
10. ਉਪ ਮੰਡਲ ਮੈਜਿਸਟਰੇਟ, ਰੂਪਨਗਰ/ਸ੍ਰੀ ਅਨੰਦਪੁਰ ਸਾਹਿਬ/ਸ੍ਰੀ ਚਮਕੌਰ ਸਾਹਿਬ/ਨੰਗਲ/ਮੋਰਿੰਡਾ।
11. ਜਿਲਾ ਲੋਕ ਸੰਪਰਕ ਅਫਸਰ,ਰੂਪਨਗਰ
12. ਕਾਰਜਕਾਰੀ ਇੰਜੀਨੀਅਰ,ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,ਰੂਪਨਗਰ
13. ਜਿਲਾ ਵਿਕਾਸ ਅਤੇ ਪੰਚਾਇਤ ਅਫਸਰ,ਰੂਪਨਗਰ।
14. ਤਹਿਸੀਲਦਾਰ,ਰੂਪਨਗਰ/ਸ੍ਰੀ ਅਨੰਦਪੁਰ ਸਾਹਿਬ/ਨੰਗਲ/ਸ੍ਰੀ ਚਮਕੌਰ ਸਾਹਿਬ/ਮੋਰਿੰਡਾ।
15. ਕਾਰਜ ਸਾਧਕ ਅਫਸਰ, ਨਗਰ ਕੌਸਲ, ਰੂਪਨਗਰ/ਸ੍ਰੀ ਅਨੰਦਪੁਰ ਸਾਹਿਬ/ਨੰਗਲ/ਮੋਰਿੰਡਾ, ਨਗਰ ਪੰਚਾਇਤ ,ਕੀਰਤਪੁਰ ਸਾਹਿਬ/ਸ੍ਰੀ ਚਮਕੌਰ ਸਾਹਿਬ
16. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਰੂਪਨਗਰ/ਸ੍ਰੀ ਅਨੰਦਪੁਰ ਸਾਹਿਬ/ਸ੍ਰੀ ਚਮਕੌਰ ਸਾਹਿਬ/ਮੋਰਿੰਡਾ /ਨੂਰਪੁਰਬੇਦੀ।
17. ਪੀ.ਏ ਟੂ ਡੀ.ਐਸ/ਪੀ.ਏ.ਟੂ ਏ.ਡੀ.ਸੀ /ਸਟੈਨੋ ਟੂ ਏ ਸ਼ੀ (ਜੀ),ਰੂਪਨਗਰ

ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲਾ ਮੈਜਿਸਟਰੇਟ,
ਰੂਪਨਗਰ।